# ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ


## ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ

ਫ਼ੋਨ ਨੰ: 0172 - 2623207, 2620106, ਫੈਕਸ ਨੰ: 0172-2624687 ਈ-ਮੇਲ ssapunjab@yahoo.com


ਵੱਲ,

ਸਮੂਹ ਜ਼ਿਲਾ ਸਿੱਖਿਆ ਅਫਸਰ (ਐ:ਸਿ),
ਪੰਜਾਬ।

ਮੀਮੋ ਨੰ: ਐਸ.ਐਸ.ਏ/ਐਡਮਨ/2010/24200
ਮਿਤੀ 5/2/2010

ਵਿਸ਼ਾ:- ਸਰਵ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਜਾਰੀ ਕੀਤੀਆਂ ਛੁੱਟੀਆਂ ਦੀ ਮਨਜ਼ੂਰੀਆਂ ਆਦਿ ਅਤੇ ਅਧਿਆਪਕਾਂ ਦੀਆ ਪ੍ਰਫਾਰਮੈਂਸ ਰਿਪੋਰਟਾਂ ਸੰਬੰਧੀ।

---

1. ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪਨੂੰ ਲਿਖਿਆ ਜਾਂਦਾਂ ਹੈ ਕਿ ਮਿਤੀ 31.12.2009 ਨੂੰ ਹੋਈ ਹਫਤਾਵਾਰੀ ਮੀਟਿੰਗ ਵਿੱਚ ਇਹ ਨੋਟ ਕੀਤਾ ਗਿਆ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ, ਮੁੱਖ ਦਫਤਰ ਵੱਲੋਂ ਅਧਿਆਪਕਾਂ ਦੀਆਂ ਛੁੱਟੀਆਂ ਦੀ ਮਨਜ਼ੂਰੀ ਅਤੇ ਉਚੇਰੀ ਵਿਦਿਆ ਦੀ ਆਗਿਆ ਸੰਬੰਧੀ ਜਾਰੀ ਕੀਤੇ ਪੱਤਰ ਜ਼ਿਲਾ ਸਿੱਖਿਆ ਦਫਤਰਾਂ ਵੱਲੋਂ ਸੰਬੰਧਤ ਸਕੂਲ ਮੁਖੀਆਂ ਨੂੰ ਪਿਠ-ਅੰਕਤ ਕਰਕੇ ਨਹੀਂ ਪਹੁੰਚਾਏ ਜਾਂਦੇ ਭਾਵੇਂ ਅਜਿਹੀਆਂ ਮਨਜ਼ੂਰੀਆਂ ਮੁੱਖ ਦਫਤਰ ਵੱਲੋਂ ਵਿਭਾਗ ਦੀ ਵੈਬਸਾਈਟ ਤੇ ਨਿਯਮਿਤ ਤੌਰ ਤੇ ਪਾਈਆਂ ਜਾਂਦੀਆਂ ਹਨ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਵਿੱਖ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਅਧਿਆਪਕਾਂ ਦੀਆਂ ਛੁੱਟੀਆਂ ਦੀ ਮਨਜ਼ੂਰੀ ਅਤੇ ਉਚੇਰੀ ਵਿਦਿਆ ਦੀ ਆਗਿਆ ਸੰਬੰਧੀ ਮੁੱਖ ਦਫਤਰ ਵੱਲੋਂ ਜਾਰੀ ਕੀਤੇ ਪੱਤਰ ਜ਼ਿਲਾ ਸਿੱਖਿਆ ਦਫਤਰਾਂ ਵੱਲੋਂ ਬਾਕਾਇਦਾ ਸੰਬੰਧਤ ਸਕੂਲ ਮੁਖੀਆਂ ਨੂੰ ਪਿਠ-ਅੰਕਿਤ ਕੀਤੇ ਜਾਣ। ਇਸਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਸਰਵ ਸਿੱਖਿਆ ਅਭਿਆਨ ਦੇ ਹਰ ਕਰਮਚਾਰੀ ਦੀ ਪ੍ਰਾਫਾਰਮੈਂਸ ਰਿਪੋਟ ਉਸ ਨੂੰ ਕਨਵੇ ਕੀਤੀ ਜਾਵੇ ਤਾਂਜੋ ਉਸ ਨੂੰ ਆਪਣੇ ਕੰਮ ਅਤੇ ਆਚਰਣ ਬਾਰੇ ਪਤਾ ਲੱਗ ਸਕੇ ਅਤੇ ਉਹ ਇਸ ਵਿੱਚ ਸੁਧਾਰ ਲਿਆਉਣ ਲਈ ਯਤਨ ਕਰੇ। ਇਨ੍ਹਾਂ ਹਦਾਇਤਾਂ ਦੀ ਇੰਨਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ,
ਪੰਜਾਬ, ਚੰਡੀਗੜ੍ਹ।